This Question Paper consists of **11** questions and **12** printed pages.
ਇਸ ਪ੍ਰਸ਼ਨ ਪੱਤਰ ਵਿੱਚ **11** ਸੁਆਲ ਹਨ ਅਤੇ **12** ਛੱਪੇ ਹੋਏ ਪੰਨੇ ਹਨ।

**Roll No.**
ਰੋਲ ਨੰਬਰ

| | | | | | | | | | | | |
|---|---|---|---|---|---|---|---|---|---|---|---|
| | | | | | | | | | | | |

**Code No.** **67/S/A/P**
ਕੋਡ ਨੰ.

**Set A**

# PUNJABI
# ਪੰਜਾਬੀ
## (210)

**Day and Date of Examination** ______________________
**(ਪਰਿਖਿਆ ਦਾ ਦਿਨ ਅਤੇ ਮਿੱਤੀ)**

**Signature of Invigilators** 1. ______________________
**(ਨਿਰੀਖਕਾਂ ਦੇ ਦਸਖ਼ਤ)**

2. ______________________

**ਆਮ ਹਿਦਾਇਤਾਂ :**

1. ਸਾਰੇ ਪ੍ਰਸ਼ਨਾਂ ਦੇ ਉੱਤਰ ਤੁਹਾਨੂੰ ਦਿੱਤੀ ਗਈ ਉੱਤਰ-ਪੁਸਤਿਕਾ ਵਿਚ ਹੀ ਲਿਖੋ।
2. ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਲਈ **15** ਮਿੰਟ ਦਾ ਸਮਾਂ ਦਿੱਤਾ ਗਿਆ ਹੈ। ਪ੍ਰਸ਼ਨ-ਪੱਤਰ ਦੁਪਹਿਰ **02.15** ਵਜੇ ਵੰਡਿਆ ਜਾਵੇਗਾ। **02.15** ਵਜੇ ਤੋਂ **02.30** ਵਜੇ ਤਕ ਵਿਦਿਆਰਥੀ ਸਿਰਫ਼ ਪ੍ਰਸ਼ਨ-ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਦੌਰਾਨ ਉਹ ਉੱਤਰ-ਪੁਸਤਿਕਾ 'ਤੇ ਕੋਈ ਉੱਤਰ ਨਹੀਂ ਲਿਖਣਗੇ।
3. ਪਰੀਖਿਆਰਥੀ ਪ੍ਰਸ਼ਨ ਪੱਤਰ ਦੇ ਮੁਖ ਪੰਨੇ ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖਣ।
4. ਕ੍ਰਿਪਾ ਕਰਕੇ ਪ੍ਰਸ਼ਨ ਪੱਤਰ ਵੇਖ ਲਵੋ ਕਿ ਪ੍ਰਸ਼ਨ ਪੱਤਰ ਦੇ ਕੁਲ ਪੰਨੇ ਅਤੇ ਕੁਲ ਸੁਆਲ ਉਹੋ ਹੀ ਹਨ ਜਿਹੜੇ ਕਿ ਮੁਖ ਪੰਨੇ ਦੇ ਸਭ ਤੋਂ ਉਪਰ ਲਿਖੇ ਗਏ ਹਨ। ਇਹ ਭੀ ਦੇਖ ਲਵੋ ਕਿ ਸੁਆਲ ਸਾਰੇ ਕ੍ਰਮਵਾਰ ਲਿਖੇ ਹੋਏ ਹਨ।
5. ਵਸਤੂਨਿਸ਼ਠ ਸੁਆਲਾਂ ਵਿੱਚ ਆਪਣੇ ਪ੍ਰਸ਼ਨ ਪੱਤਰ ਵਿੱਚ ਦਿਤੇ ਵਿਕਲਪਾਂ (A), (B), (C), ਅਤੇ (D) ਵਿੱਚੋਂ ਕੋਈ ਇੱਕ ਚੁਣਨਾ ਹੈ ਅਤੇ ਠੀਕ ਜੁਆਬ ਨੂੰ ਆਪਣੀ ਉੱਤਰ ਕਾਪੀ ਵਿੱਚ ਲਿਖਣਾ ਹੈ। ਬਹੁ ਵਿਕਲਪੀ ਸੁਆਲਾਂ ਲਈ ਕੋਈ ਫਾਲਤੂ ਸਮਾਂ ਨਹੀਂ ਮਿਲੇਗਾ।
6. ਉੱਤਰ ਕਾਪੀ ਵਿੱਚ ਕੋਈ ਪਛਾਣ ਚਿੰਨ੍ਹ ਬਨਾਉਣਾ ਜਾਂ ਆਪਣਾ ਰੋਲ ਨੰਬਰ ਨਿਰਧਾਰਿਤ ਥਾਂ ਦੀ ਜਗ੍ਹਾਂ ਕਿਧਰੇ ਹੋਰ ਲਿਖਣਾ ਪਰੀਖਿਆਰਥੀ ਦੀ ਪਾਤਰਤਾ ਨੂੰ ਰਦ ਕਰਨ ਤੱਕ ਲੈ ਜਾਵੈਗਾ।
7. ਆਪਣੇ ਪ੍ਰਸ਼ਨ ਪੱਤਰ ਦਾ ਕੋਡ ਨੰ. **67/S/A/P-A** ਉੱਤਰ ਕਾਪੀ ਵਿੱਚ ਜ਼ਰੂਰ ਲਿਖੋ।



**Unnati Educations**
**9899436384, 9654279279**

# PUNJABI
# ਪੰਜਾਬੀ
# (210)

ਸਮਾਂ : 3 ਘੰਟੇ ] [ ਕੁਲ ਅੰਕ : 100

**ਆਮ ਨਿਰਦੇਸ਼** (i) ਹੇਠ ਲਿਖੇ ਨਿਰਦੇਸ਼ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ:

**ਨੋਟ :** (ii) **ਸਾਰੇ** ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਚੋਣ ਵੀ ਦਿੱਤੀ ਗਈ ਹੈ। ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।

(iii) ਉੱਤਰ ਨੂੰ ਧਿਆਨ ਨਾਲ ਲਿਖਿਆ/ਉੱਤਰ-ਸ਼ੀਟ 'ਤੇ ਦਰਜ ਕੀਤਾ ਜਾਵੇ।

**I.** ਪੁੱਛੇ ਗਏ ਅਨੁਸਾਰ **17** ਪ੍ਰਸ਼ਨਾਂ ਵਿੱਚੋਂ ਕੋਈ **13** ਪ੍ਰਸ਼ਨਾਂ ਦੇ ਉੱਤਰ ਲਿਖੋ : **1x13=13**

**1.** ਹੇਠ ਲਿਖਿਆਂ ਵਿੱਚੋਂ ਕਿਸ ਦੀਆਂ ਪੰਜ ਕਿਸਮਾਂ ਹੁੰਦੀਆਂ ਹਨ?

(A) ਲਿੰਗ (B) ਵਚਨ
(C) ਕਾਰਕ (D) ਨਾਂਵ

**2.** ਜਿਨ੍ਹਾਂ ਸ਼ਬਦਾਂ ਨੂੰ ਵਿਅਕਤੀਆਂ ਜਾਂ ਜੀਵਾਂ ਦੇ ਸਮੂਹਾਂ ਲਈ ਵਰਤਿਆ ਜਾਵੇ, ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ?

(A) ਵਸਤੂਵਾਚਕ ਨਾਂਵ (B) ਭਾਵ ਵਾਚਕ ਨਾਂਵ
(C) ਇਕੱਠਵਾਚਕ ਨਾਂਵ (D) ਖਾਸ ਨਾਂਵ

**3.** ਕਿਹੜਾ ਸ਼ਬਦ ਪੁਲਿੰਗ ਹੈ:

(A) ਵੇਲ (B) ਸੰਪਾਦਕਾ
(C) ਹੱਡ (D) ਪਹਾੜੀ

**4.** 'ਸ੍ਰੀਮਤੀ' ਸ਼ਬਦ ਦਾ ਪੁਲਿੰਗ ਹੈ:

(A) ਮਹੋਦਯਾ (B) ਆਦਮੀ
(C) ਪੁਰਖ (D) ਸ੍ਰੀਮਾਨ

**5.** 'ਥਾਂ' ਦਾ ਬਹੁਵਚਨ ਹੈ:

(A) ਥਾਂ (B) ਥਾਅਾਂ
(C) ਥਾਂਏ (D) ਥਾਵਾਂ

**6.** ਆਦਰ ਪਰਗਟ ਕਰਨ ਲਈ ਕਿਰਿਆ ਵਿੱਚ ਵਚਨ ਦਾ ਕਿਹੜਾ ਰੂਪ ਆਉਂਦਾ ਹੈ?

(A) ਇੱਕ ਵਚਨ (B) ਬਹੁਵਚਨ
(C) ਦੋ ਵਚਨ (D) ਤਿੰਨ ਵਚਨ

**7.** ਵਾਕ ਵਿੱਚ ਜਿਸ ਉੱਤੇ ਕਿਰਿਆ ਦੇ ਕੰਮ ਦਾ ਪ੍ਰਭਾਵ ਪੈਂਦਾ ਹੈ, ਉਸਨੂੰ ਕੀ ਕਿਹਾ ਜਾਂਦਾ ਹੈ:

(A) ਕਰਮ ਕਾਰਕ (B) ਕਰਤਾ ਕਾਰਕ
(C) ਕਰਨ ਕਾਰਕ (D) ਸੰਪਰਦਾਨ ਕਾਰਕ



Unnati Educations
9899436384, 9654279279

8. 'ਓਏ!' 'ਨੀ!' ਕਿਹੜੇ ਕਾਰਕ ਦੇ ਚਿੰਨ੍ਹ ਹਨ?

(A) ਸੰਬੋਧਨ ਕਾਰਕ
(B) ਸੰਬੰਧ ਕਾਰਕ
(C) ਕਰਤਾ ਕਾਰਕ
(D) ਕਰਮ ਕਾਰਕ

9. ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਸੰਬੰਧਕ ਦੀ ਕਿਸਮ ਹੈ?

(A) ਇਕਹਰਾ ਸੰਬੰਧਕ
(B) ਦੋਹਰਾ ਸੰਬੰਧਕ
(C) ਤੀਹਰਾ ਸੰਬੰਧਕ
(D) ਦੁਬਾਜਰੇ ਸੰਬੰਧਕ

10. ਪੂਰਨ ਸੰਬੰਧਕ ਸ਼ਬਦ ਚੁਣੋ:

(A) ਦੇ/ਨੂੰ/ਤੇ
(B) ਅੱਜ/ਕੱਲ/ਪਰਸੋਂ
(C) ਉੱਤੋਂ/ ਲਾਗਿਓਂ
(D) ਕੋਲ/ਨਾਲ/ਬਗ਼ੈਰ

11. 'ਬਦ' ਅਗੇਤਰ ਨਾਲ ਬਣੇ ਹੋਏ ਸਹੀ ਸ਼ਬਦ-ਸਮੂਹ ਦੀ ਚੋਣ ਕਰੋ :

(A) ਬਦਲਣਾ, ਬਦਨਸੀਬ
(B) ਬੇਦਖ਼ਲ, ਬਦਨਾਮ
(C) ਬਦਲਾ, ਬਦਸ਼ਕਲ
(D) ਬਦਬੂ, ਬਦਨਸੀਬ

12. 'ਕਮਾਊ' ਸ਼ਬਦ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?

(A) ਓ
(B) ਉ
(C) ਊ
(D) ਮਾਊ

13. ਜਿਹੜਾ ਸ਼ਬਦ ਨਾਂਵ ਦੀ ਥਾਂ ਉੱਤੇ ਵਰਤਿਆ ਜਾਵੇ, ਉਹ ਹੁੰਦਾ ਹੈ :

(A) ਨਾਂਵ
(B) ਪੜਨਾਂਵ
(C) ਵਿਸ਼ੇਸ਼ਣ
(D) ਕਿਰਿਆ

14. ਪ੍ਰਸ਼ਨਵਾਚਕ ਪੜਨਾਂਵ ਚੁਣੋ :

(A) ਉਹ
(B) ਕੀ
(C) ਤੁਸੀਂ
(D) ਅਸੀਂ

15. ਦਿੱਤੇ ਗਏ ਵਿਕਲਪਾਂ ਵਿੱਚੋਂ 'ਅਮਨ' ਸ਼ਬਦ ਲਈ ਸਮਾਨਾਰਥਕ ਸ਼ਬਦ ਦਾ ਸਹੀ ਵਿਕਲਪ ਚੁਣੋ :

(A) ਯੁੱਧ
(B) ਜੰਗ
(C) ਸ਼ਾਂਤੀ
(D) ਲੜਾਈ

16. 'ਨਿਸਚਿੰਤ ਸੌਣਾ' ਅਰਥ ਲਈ ਸਹੀ ਮੁਹਾਵਰਾ ਚੁਣੋ :

(A) ਕੱਚੀ ਨੀਂਦ ਸੌਣਾ
(B) ਪੈਰ ਪਸਾਰ ਕੇ ਸੌਣਾ
(C) ਫੈਲ ਕੇ ਸੌਣਾ
(D) ਚੱਦਰ ਲੈ ਕੇ ਸੌਣਾ

17. 'ਚਲਾਕੀ ਕਰਨੀ' ਅਰਥ ਲਈ ਸਹੀ ਮੁਹਾਵਰਾ ਚੁਣੋ :

(A) ਕੰਨਾਂ ਵਿੱਚ ਰੂੰ ਦੇਣੀ
(B) ਉਸਤਾਦੀ ਕਰਨ
(C) ਊਠ ਦੇ ਮੂੰਹ ਜੀਰਾ ਦੇਣਾ
(D) ਮੂੰਹ ਚੜ੍ਹ ਕੇ ਬੋਲਣਾ


Unnati Educations
9899436384, 9654279279

**II.** ਪੁੱਛੇ ਗਏ ਅਨੁਸਾਰ **13** ਪ੍ਰਸ਼ਨਾਂ ਵਿੱਚੋਂ ਕੋਈ **8** ਪ੍ਰਸ਼ਨਾਂ ਦੇ ਉੱਤਰ ਲਿਖੋ : **1x8=8**

**1.** ਬਾਬਾ ਫ਼ਰੀਦ ਜੀ ਅਨੁਸਾਰ ਬੁਰੇ ਕਰਮ ਕਰਨ ਨਾਲ ਮਨੁੱਖ ਦੀ __________ ਦੂਸ਼ਿਤ ਹੋ ਜਾਂਦੀ ਹੈ।

(A) ਘਰ (B) ਆਤਮਾ

(C) ਜੀਵਨ (D) ਪਰਿਵਾਰ

**2.** ਬਾਬਾ ਫ਼ਰੀਦ ਜੀ ਮਨੁੱਖ ਨੂੰ ਦੂਜਿਆਂ ਦੀ __________ ਕਰਨ ਤੋਂ ਰੋਕਦੇ ਹਨ।

(A) ਸਨਮਾਨ (B) ਸੇਵਾ

(C) ਇੱਜ਼ਤ (D) ਨਿੰਦਾ

**3.** 'ਫਰੀਦਾ ਕਾਲੇ ਮੈਂਡੇ ਕਪੜੇ ਕਾਲਾ ਮੈਂਡਾ ਵੇਸ॥' ਸਲੋਕ ਵਿੱਚ ਬਾਬਾ ਫ਼ਰੀਦ ਜੀ ਨੇ ਕਿਸ ਗੱਲ ਦਾ ਨਿਖੇਧ ਕੀਤਾ ਹੈ?

(A) ਚੰਗੇ ਕਰਮਾਂ ਦਾ (B) ਲੜਾਈ-ਝਗੜੇ ਦਾ

(C) ਬਾਹਰੀ ਦਿਖਾਵੇ ਦਾ (D) ਚੰਗੇ ਪਹਿਰਾਵੇ ਦਾ

**4.** ਬੁਲ੍ਹੇਸ਼ਾਹ ਸੰਸਾਰਕ ਨਾਸ਼ਮਾਨਤਾ ਲਈ ਬਾਰ-ਬਾਰ ਕਿਸ ਸ਼ਬਦ ਦਾ ਪ੍ਰਯੋਗ ਕਰਦੇ ਹਨ?

(A) ਉਪਦੇਸ਼ (B) ਮਾਟੀ

(C) ਧੁੰਦ (D) ਪਾਣੀ

**5.** ਬੁਲ੍ਹੇਸ਼ਾਹ ਅਨੁਸਾਰ ਮਨੁੱਖ ਸੰਸਾਰ ਦੀ ਨਾਸ਼ਮਾਨਤਾ ਦੇ ਭੇਤ ਨੂੰ ਸਮਝ ਕੇ ਕਿਸ ਤੋਂ ਮੁਕਤ ਹੋ ਸਕਦਾ ਹੈ?

(A) ਹਉਮੈਂ (B) ਰਹੱਸ

(C) ਸ਼ੈਅ (D) ਦੁਨੀਆ

**6.** ਗੁਰੂ ਨਾਨਕ ਦੇਵ ਜੀ ਅਨੁਸਾਰ, ਮਾਨਵੀਂ ਗੁਣਾਂ ਤੇ ਚੰਗਿਆਈਆਂ ਦਾ ਨਿਚੋੜ ਕਿਸ ਵਿੱਚ ਹੈ?

(A) ਨਿਮਰਤਾ ਧਾਰਨ ਕਰਨ ਵਿੱਚ (B) ਪੂਜਾ ਭਗਤੀ ਵਿੱਚ

(C) ਹਉਮੈਂ ਵਿੱਚ (D) ਹੰਕਾਰ ਵਿੱਚ

**7.** ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦੇ ਨਿਮਰ ਹੋਣ ਦੇ ਦਿਖਾਵੇ ਬਾਰੇ ਕੀ ਕਿਹਾ ਹੈ?

(A) ਸਹਿਮਤੀ ਦਿੱਤੀ (B) ਖੰਡਨ ਕੀਤਾ

(C) ਸਹੀ ਕਿਹਾ (D) ਉਚਿਤ ਦੱਸਿਆ

**8.** ਜੇਕਰ ਮਨੁੱਖ ਸਵਾਰਥ ਅਧੀਨ ਸਰੀਰ ਨੂੰ ਨਿਵਾਏ ਤਾਂ ਗੁਰੂ ਨਾਨਕ ਦੇਵ ਜੀ ਅਨੁਸਾਰ ਅਜਿਹਾ ਮਨੁੱਖ ਕੈਸਾ ਹੈ?

(A) ਗੁਣਵਾਨ (B) ਬੀਮਾਰ

(C) ਖੋਟ ਭਰਿਆ (D) ਗਰੀਬ

**9.** ਹੀਰ ਦਾ ਵਿਆਹ ਕਿਸ ਨਾਲ ਹੁੰਦਾ ਹੈ?

(A) ਰਾਂਝਾ (B) ਸੈਦਾ

(C) ਮਿਰਜ਼ਾ (D) ਪੁੰਨੂੰ



**Unnati Educations**
**9899436384, 9654279279**

**10.** ਰਾਂਝਾ ਜੋਗੀ ਬਣ ਕੇ ਹੀਰ ਨੂੰ ਮਿਲਣ ਕਿੱਥੇ ਜਾਂਦਾ ਹੈ?

(A) ਸਹੁਰੇ ਪਿੰਡ (B) ਪੇਕੇ ਪਿੰਡ

(C) ਖੇਤਾਂ ਵਿੱਚ (D) ਬੇਲਿਆਂ ਵਿੱਚ

**11.** ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਬਿਨਾਂ ਖ਼ਾਲਸਾ ਫ਼ੌਜ ਦਾ ਕੀ ਹੋਇਆ?

(A) ਜਿੱਤ ਗਈ (B) ਜਿੱਤ ਕੇ ਵੀ ਹਾਰ ਗਈ

(C) ਨਹੀਂ ਲੜੀ (D) ਆਪਸ ਵਿੱਚ ਲੜ ਪਈ

**12.** ਕਵੀ ਸ਼ਾਹ ਮੁਹੰਮਦ ਅਨੁਸਾਰ ਸੂਰਮੇ ਕਿਸ ਤਰ੍ਹਾਂ ਲੜ ਰਹੇ ਸਨ?

(A) ਲੁੱਕ ਛਿਪ ਕੇ (B) ਸਿਰਾਂ ਦੀ ਬਾਜੀ ਲਗਾ ਕੇ

(C) ਡਰ-ਡਰ ਕੇ (D) ਇੱਕ ਦੂਜੇ ਨੂੰ ਧੋਖਾ ਦੇ ਕੇ

**13.** 'ਜੰਗ ਸਿੰਘਾਂ ਤੇ ਫਿਰੰਗੀਆਂ' ਰਚਨਾ ਕਿਸ ਦੀ ਲਿਖੀ ਹੋਈ ਹੈ?

(A) ਬੁਲ੍ਹੇਸ਼ਾਹ (B) ਸ਼ਾਹ ਮੁਹੰਮਦ

(C) ਗੁਰੂ ਨਾਨਕ ਦੇਵ ਜੀ (D) ਪ੍ਰੋ. ਮੋਹਨ ਸਿੰਘ

**III.** ਪੁੱਛੇ ਗਏ ਅਨੁਸਾਰ **11** ਪ੍ਰਸ਼ਨਾ ਵਿੱਚੋਂ ਕੋਈ **7** ਪ੍ਰਸ਼ਨਾਂ ਦੇ ਉੱਤਰ ਲਿਖੋ : **1x7=7**

**1.** 'ਘਰ ਦਾ ਪਿਆਰ' ਲੇਖ ਦੇ ਲੇਖਕ ਅਨੁਸਾਰ ਸਾਰੇ ਜਹਾਨ ਨੂੰ ਗਾਹ ਕੇ ਕਿੱਥੇ ਮੁੜਨ ਨੂੰ ਜੀਅ ਕਰਦਾ ਹੈ?

(A) ਘਰ (B) ਹਸਪਤਾਲ

(C) ਰੇਸਤਰਾਂ (D) ਸਿਨੇਮਾ

**2.** 'ਘਰ ਦਾ ਪਿਆਰ' ਲੇਖ ਅਨੁਸਾਰ ਕਾਰਲਾਇਲ ਕਿਸ ਨੂੰ ਖਾਣ ਨੂੰ ਪੈਂਦਾ ਸੀ?

(A) ਭੈਣ (B) ਪਤਨੀ

(C) ਪਿਤਾ (D) ਮਾਤਾ

**3.** ਕਿਨ੍ਹਾਂ ਦੀ ਜ਼ਿੰਦਗੀ ਰਸ ਤੇ ਨਿੱਘ ਤੋਂ ਕੋਰੀ ਜਿਹੀ ਹੁੰਦੀ ਹੈ?

(A) ਜਿਸ ਕੋਲ ਘਰ ਦਾ ਪਿਆਰ ਨਹੀਂ (B) ਜਿਸ ਕੋਲ ਰਜ਼ਾਈ ਨਹੀਂ

(C) ਜਿਸ ਕੋਲ ਰਸੀਲੇ ਫ਼ਲ ਨਹੀਂ (D) ਜਿਸ ਕੋਲ ਨੌਕਰੀ ਨਹੀਂ

**4.** 'ਘਰ ਦਾ ਪਿਆਰ' ਲੇਖ ਦੇ ਆਧਾਰ 'ਤੇ ਵਾਕ ਪੂਰਾ ਕਰੋ ਕਿ __________ ਘੱਟ ਰਹੇ ਹਨ ਅਤੇ ਹੋਟਲ ਵੱਧ ਰਹੇ ਹਨ।'

(A) ਰੇਸਤਰਾਂ (B) ਢਾਬੇ

(C) ਦੁਕਾਨ (D) ਘਰ

**5.** ਸਿੱਖ-ਗੁਰੂਆਂ ਨੇ ਕਿਸ ਤਰ੍ਹਾਂ ਦੇ ਜੀਵਨ ਉਪਰ ਜ਼ੋਰ ਦਿੱਤਾ ਹੈ?

(A) ਪੂਜਾ-ਪਾਠ ਉੱਤੇ (B) ਘਰੋਗੀ ਜੀਵਨ ਉੱਤੇ

(C) ਕਰਮਕਾਂਡਾ ਉੱਤੇ (D) ਗ੍ਰਹਿਸਤ ਜੀਵਨ ਤਿਆਗਣ ਉੱਤੇ



Unnati Educations
9899436384, 9654279279

6. ਮੁੰਡਿਆਂ ਅਤੇ ਵਿਦਿਆਰਥੀਆ ਬਾਬਤ ਸ਼ਿਕਾਇਤ ਕੀਤੀ ਜਾਂਦੀ ਹੈ ਕਿ ਉਹ __________ ਪ੍ਰਤੀ ਬੇਪਰਵਾਹ ਰਹਿੰਦੇ ਹਨ।' ਵਾਕ ਨੂੰ 'ਘਰ ਦਾ ਪਿਆਰ' ਲੇਖ ਦੇ ਆਧਾਰ 'ਤੇ ਪੂਰਾ ਕਰੋ।

(A) ਸਮਾਜਕ ਰਿਸ਼ਤਿਆਂ (B) ਪੜ੍ਹਾਈ

(C) ਸਫ਼ਾਈ (D) ਸਕੂਲ

7. ਸੁਨਹਿਰੀ ਭਾਅ ਰੱਖਣ ਵਾਲਾ ਪੰਛੀ ਕਿੱਥੇ ਆ ਬੈਠਦਾ ਹੈ?
'ਵਾਤਾਵਰਨ ਵਿੱਚ ਸੁੰਦਰਤਾ' ਲੇਖ ਦੇ ਆਧਾਰ 'ਤੇ ਦੱਸੋ।

(A) ਫਲਾਂ 'ਤੇ (B) ਫੁੱਲਾਂ 'ਤੇ

(C) ਬਾਗ਼ ਵਿੱਚ (D) ਗੰਦਗੀ ਦੇ ਢੇਰ 'ਤੇ

8. ਘਰ ਜਾਂ ਮਕਾਨ ਨੂੰ ਕਿਸ ਨਾਲ ਬਣਾਉਣਾ ਜ਼ਰੂਰੀ ਹੈ?

(A) ਮਸਾਲੇ ਨਾਲ (B) ਪਾਣੀ ਨਾਲ

(C) ਵਾਤਾਵਰਨ ਨਾਲ (D) ਪੈਸੇ ਨਾਲ

9. 'ਵਾਤਾਵਰਨ ਵਿੱਚ ਸੁੰਦਰਤਾ' ਲੇਖ ਅਨੁਸਾਰ ਆਲੀਸ਼ਾਨ ਇਮਾਰਤਾਂ ਕਿਸ ਨਾਲ ਉਸਾਰੀਆਂ ਹਨ?

(A) ਗਾਰਾ (B) ਚੂਨੇ

(C) ਮਿੱਟੀ (D) ਰੇਤ

10. ਵਾਤਾਵਰਨ 'ਤੇ __________ ਦਾ ਅਸਰ ਪੈਂਦਾ ਹੈ।

(A) ਮੀਹ (B) ਸੁੰਦਰਤਾ

(C) ਪਾਣੀ (D) ਸ਼ੀਸ਼ੇ

11. ਆਪਣੀ ਨਿੱਜੀ ਸਿਫ਼ਤ ਨੂੰ ਰੂਪਮਾਨ ਕਰਨ ਲਈ ਕਿਸ ਦੀ ਲੋੜ ਪੈਂਦੀ ਹੈ?

(A) ਵਾਤਾਵਰਨ ਦੀ ਸੁੰਦਰਤਾ (B) ਸ਼ੁਹਰਤ

(C) ਕੁਦਰਤ (D) ਸਾਦਗੀ

**IV.** ਪੁੱਛੇ ਗਏ ਅਨੁਸਾਰ **10** ਪ੍ਰਸ਼ਨਾ ਵਿੱਚੋਂ ਕੋਈ **6** ਪ੍ਰਸ਼ਨਾਂ ਦੇ ਉੱਤਰ ਲਿਖੋ : **1x6=6**

1. ਰਿਕਸ਼ੇ ਵਾਲੇ ਨੇ ਪਿਤਾ ਜੀ ਕੋਲੋਂ ਥਾਣੇ ਬਜ਼ਾਰ ਤੋਂ ਤੇਲੀ ਦੀ ਬਾੜੀ ਤੱਕ ਲਈ ਕਿੰਨੇ ਪੈਸੇ ਲਏ ਸਨ?

(A) ਅੱਠ ਆਨੇ (B) ਦਸ ਆਨੇ

(C) ਬਾਰ੍ਹਾਂ ਆਨੇ (D) ਇੱਕ ਰੁਪਿਆ

2. ਰਿਕਸ਼ੇ ਵਾਲੇ ਦੀ ਮਾਂ ਕਿਸ ਬੀਮਾਰੀ ਦਾ ਸ਼ਿਕਾਰ ਹੋ ਗਈ ਸੀ?

(A) ਤਪਦਿਕ (B) ਚੇਚਕ

(C) ਚਿਕਨਗੁਨਿਆ (D) ਹੈਜਾ

3. ਰਿਕਸ਼ੇ ਵਾਲੇ ਦੀ ਅੱਖ ਵਿੱਚ ਕਿਸ ਦੀ ਭੁੱਖ ਸੀ?

(A) ਦਾਦ ਦੀ (B) ਲਾਲਚ ਦੀ

(C) ਢਿੱਡ ਦੀ (D) ਸ਼ਰਮ ਦੀ



Unnati Educations
9899436384, 9654279279

4. 'ਰਿਕਸ਼ੇ ਵਾਲੇ ਬਹੁਤ ਹੌਲੀ ਚਲਦੇ ਹਨ।' ਇਹ ਵਾਕ 'ਸਵਰਗ ਦੀ ਝਲਕ' ਕਹਾਣੀ ਵਿੱਚ ਕਿਸਨੇ ਕਿਹਾ?
(A) ਕੁੜੀ ਨੇ (B) ਮੁੰਡੇ ਨੇ
(C) ਮੈਂ ਪਾਤਰ ਨੇ (D) ਪਿਤਾ ਜੀ ਨੇ

5. ਲੇਖਕ ਰਿਕਸ਼ੇ ਵਾਲੇ ਦੀਆਂ ਅੱਖਾਂ ਵਿੱਚ ਕੀ ਦੇਖਦਾ ਹੈ?
(A) ਬੇਸ਼ਰਮੀ (B) ਗੁੱਸਾ
(C) ਲਾਲਚ (D) ਆਸ ਦੀ ਝਲਕ

6. ਸਰਦਾਰ ਦੇ ਜਵਾਈ ਦੀ ਮੌਤ ਕਿਵੇਂ ਹੋਈ?
(A) ਮੋਟਰ ਸਾਈਕਲ ਦੀ ਟੱਕਰ ਕਾਰਨ (B) ਮੋਟਰਕਾਰ ਦੀ ਟੱਕਰ ਕਾਰਨ
(C) ਟੱਰਕ ਨਾਲ ਟੱਕਰ ਕਾਰਨ (D) ਹਾਰਟ ਅਟੈਕ ਕਾਰਨ

7. 'ਸਾਂਝ' ਕਹਾਣੀ ਵਿੱਚ ਖੇਤਾਂ ਵਿੱਚ ਕੰਮ ਕਰਨ ਵਾਲੇ ਲੋਕਾਂ ਲਈ ਕਿਹੜਾ ਸ਼ਬਦ ਵਰਤਿਆ ਗਿਆ ਹੈ?
(A) ਮੁਜ਼ਾਰੇ (B) ਦਾਲਾਨ
(C) ਵਾਕਫ਼ੀ (D) ਕੰਮੀ-ਕਮੀਣ

8. 'ਸਾਂਝ' ਕਹਾਣੀ ਵਿੱਚ ਕਿਸ ਦੀ ਮੌਤ ਹੋਈ ਸੀ?
(A) ਧੀ ਦੀ (B) ਪੁੱਤ ਦੀ
(C) ਜਵਾਈ ਦੀ (D) ਪਤਨੀ ਦੀ

9. ਲੇਖਕ ਸਰਦਾਰ ਦੇ ਘਰ ਕਿਉਂ ਗਿਆ?
(A) ਅਫ਼ਸੋਸ ਕਰਨ (B) ਮਿਲਣ
(C) ਕਰਜ਼ਾ ਲੈਣ (D) ਸੱਦਾ ਦੇਣ

10. ਸਰਦਾਰ ਕਿਸ ਦੇ ਨਾਲ ਲੱਗ ਕੇ ਭੁੱਬਾਂ ਮਾਰ ਕੇ ਰੋਇਆ?
(A) ਆਪਣੀ ਪਤਨੀ (B) ਆਪਣੇ ਪੁੱਤ
(C) ਲੇਖਕ (D) ਵੱਡੀ ਉਮਰ ਦੇ ਆਦਮੀ

**V.** ਪੁੱਛੇ ਗਏ ਅਨੁਸਾਰ **6** ਪ੍ਰਸ਼ਨਾ ਵਿੱਚੋਂ ਕੋਈ **4** ਪ੍ਰਸ਼ਨਾਂ ਦੇ ਉੱਤਰ ਲਿਖੋ : **1x4=4**

1. ਹੈਡਲਾਈਟ ਦਾ ਡਿੱਪਰ ਕਿਸਨੇ ਬਦਲਿਆ ਸੀ?
(A) ਮੈਨੇਜਰ (B) ਬਸੰਤ ਰਾਮ
(C) ਹਰਬੰਸ (D) ਮੋਟਰ ਵਾਲਾ

2. 'ਗੁਸਤਾਖ਼ੀ ਮੁਆਫ਼, ਪਰ ਆਪ ਨੂੰ ਗ਼ਲਤ-ਫਹਿਮੀ ਜ਼ਰੂਰ ਹੋਈ।' ਇਹ ਸ਼ਬਦ ਕਿਸਨੇ, ਕਿਸਨੂੰ ਕਹੇ?
(A) ਬਸੰਤ ਰਾਮ ਨੇ ਮੋਟਰ ਵਾਲੇ ਨੂੰ (B) ਬਸੰਤ ਰਾਮ ਨੇ ਮੈਨੇਜਰ ਨੂੰ
(C) ਮੈਨੇਜਰ ਨੇ ਮੋਟਰ ਵਾਲੇ ਨੂੰ (D) ਮੋਟਰ ਵਾਲੇ ਨੇ ਮੈਨੇਜਰ ਨੂੰ

3. ਮੈਨੇਜਰ, ਮੋਟਰਵਾਲੇ ਨੂੰ ਗਰਾਜ ਦੀ ਕਿਹੜੀ 'ਪਾਲਿਸੀ' ਦਾ ਹਵਾਲਾ ਦਿੰਦਾ ਹੈ?
(A) ਗੱਡੀ ਦਾ ਬੀਮਾ (B) ਚੰਗੇ ਕੰਮ
(C) ਚੰਗੇ ਕੰਮ ਤੇ ਚੰਗੇ ਦਾਮ (D) ਚੰਗੇ ਦਾਮ



Unnati Educations
9899436384, 9654279279

4. ਬੀਮਾ ਕੰਪਨੀ ਦਾ ਮੈਨੇਜਰ ਕਿਸ ਦੀ ਮੋਟਰ ਹਾਦਸੇ ਦੇ ਬਿੱਲ ਦੀ ਗੱਲ ਕਰਨ ਗਰਾਜ ਆਇਆ ਸੀ?

(A) ਸਿਨਹਾ ਸਾਹਿਬ (B) ਬੱਤਰਾ ਸਾਹਿਬ

(C) ਸਕਸੈਨਾ ਸਾਹਿਬ (D) ਆਹੂਜਾ ਸਾਹਿਬ

5. ਮੋਟਰਵਾਲਾ ਬਸੰਤ ਰਾਮ ਦੀ ਸ਼ਿਕਾਇਤ ਲਿਖਣ ਲਈ ਜ਼ੇਬ ਵਿੱਚੋਂ ਕੀ ਕੱਢਦਾ ਹੈ?

(A) ਐਨਕ (B) ਬਾਲ ਪੈੱਨ

(C) ਪੈਨਸਲ (D) ਫਾਊਂਟੈਨ ਕਲਮ

6. ਮੈਨੇਜਰ ਅਨੁਸਾਰ ਬਿਜਨਸ ਕੀ ਹੈ?

(A) ਔਖਾ ਕੰਮ ਹੈ (B) ਟੇਡੀ ਖੀਰ ਹੈ

(C) ਸਮਝਦਾਰੀ ਦਾ ਕੰਮ ਹੈ (D) ਚੰਗਾ ਕੰਮ ਹੈ

**VI.** ਹੇਠ ਦਿੱਤੇ ਅਣਡਿੱਠੇ ਪੈਰਿਆਂ ਨੂੰ ਪੜ੍ਹੋ ਅਤੇ ਉਹਨਾਂ ਹੇਠ ਦਿੱਤੇ ਪ੍ਰਸ਼ਨਾਂ ਦੇ ਬਹੁਵਿਕਲਪੀ ਉੱਤਰਾਂ ਵਿੱਚੋਂ ਸਹੀ ਉੱਤਰ ਲਿਖੋ : **1x6=6**

**(i)** ਪੁੱਛੇ ਗਏ ਅਨੁਸਾਰ **9** ਪ੍ਰਸ਼ਨਾ ਵਿੱਚੋਂ ਕੋਈ **6** ਪ੍ਰਸ਼ਨਾਂ ਦੇ ਉੱਤਰ ਲਿਖੋ :

ਅੰਮ੍ਰਿਤਸਰ ਵਿੱਖੇ ਸਥਿਤ ਪਿੰਗਲਵਾੜੇ ਦੇ ਬਾਨੀ ਭਗਤ ਪੂਰਨ ਸਿੰਘ ਦਾ ਜਨਮ 4 ਜੂਨ, 1904 ਨੂੰ ਜ਼ਿਲਾ ਲੁਧਿਆਣਾ ਦੇ ਪਿੰਡ ਰਾਜੇ ਵਾਲੇ ਰੋਹਣੋਂ ਵਿੱਚ ਹੋਇਆ। ਇਹਨਾਂ ਦੇ ਪਿਤਾ ਦਾ ਨਾਂ ਸ਼ਿੱਬੂ ਮੱਲ ਤੇ ਮਾਤਾ ਦਾ ਨਾਂ ਮਹਿਤਾਬ ਕੌਰ ਸੀ। ਭਗਤ ਜੀ ਦਾ ਬਚਪਨ ਦਾ ਨਾਂ 'ਰਾਮ ਜੀ ਦਾਸ' ਸੀ। ਮਾਤਾ ਮਹਿਤਾਬ ਕੌਰ ਬਹੁਤ ਧਾਰਮਕ ਵਿੱਚਾਰਾਂ ਵਾਲੀ ਔਰਤ ਸੀ। ਉਹ ਆਪਣੇ ਇਸ ਪੁੱਤਰ ਨੂੰ ਗੁਰੂਆਂ, ਭਗਤਾਂ ਅਤੇ ਮਹਾਂਪੁਰਖਾਂ ਦੀਆਂ ਕਹਾਣੀਆਂ ਸੁਣਾਉਂਦੀ ਰਹਿੰਦੀ ਸੀ। ਮਾਤਾ ਜੀ ਆਪਣੇ ਹੱਥੀਂ ਸਮਾਜ ਸੇਵਾ ਦੇ ਕੰਮ ਕਰਦੀ ਤੇ ਆਪਣੇ ਪੁੱਤਰ ਨੂੰ ਨਾਲ ਲਾਈ ਰੱਖਦੀ ਸੀ। ਉਹ ਉਸਨੂੰ ਦਰਖ਼ਤ ਲਾਉਣ, ਗਰੀਬਾਂ ਨੂੰ ਰੋਟੀ ਖੁਆਉਣ, ਰਾਹੀਆਂ ਨੂੰ ਪਾਣੀ ਪਿਆਉਣ, ਰਾਹ ਵਿੱਚ ਇੱਟਾਂ-ਪੱਥਰ ਚੁਗਣ ਦੀ ਪ੍ਰੇਰਣਾ ਦਿੰਦੀ ਰਹਿੰਦੀ ਸੀ।

1. ਪਿੰਗਲਵਾੜੇ ਦੇ ਬਾਣੀ ਕੌਣ ਸਨ?

(A) ਭਗਤ ਪੂਰਨ ਸਿੰਘ (B) ਭਗਤ ਸੰਪੂਰਨ ਸਿੰਘ

(C) ਭਾਈ ਵੀਰ ਸਿੰਘ (D) ਇਹਨਾਂ ਵਿੱਚੋਂ ਕੋਈ ਨਹੀਂ

2. ਭਗਤ ਪੂਰਨ ਸਿੰਘ ਦਾ ਜਨਮ ਕਦੋਂ ਹੋਇਆ?

(A) 2 ਜੂਨ 1940 (B) 4 ਜੂਨ 1914

(C) 4 ਜੂਨ 1904 (D) 4 ਜੂਨ 1804

3. ਭਗਤ ਜੀ ਦਾ ਬਚਪਨ ਦਾ ਨਾਂ ਕੀ ਸੀ?

(A) ਸ਼ਿੱਬੂ ਮੱਲ (B) ਰਾਮ ਜੀ ਦਾਸ

(C) ਪੂਰਨ ਮੱਲ (D) ਕੀਰਤ ਮੱਲ

4. ਭਗਤ ਪੂਰਨ ਸਿੰਘ ਦੀ ਮਾਤਾ ਦਾ ਨਾਂ ਕੀ ਸੀ?

(A) ਮਹਿਤਾਬ ਕੌਰ (B) ਨਸੀਬ ਕੌਰ

(C) ਕਰਤਾਰ ਕੌਰ (D) ਦਿਆਲ ਕੌਰ



Unnati Educations
9899436384, 9654279279

5. ਭਗਤ ਪੂਰਨ ਸਿੰਘ ਦੀ ਮਾਤਾ ਦਾ ਸੁਭਾਅ ਕਿਸ ਤਰ੍ਹਾਂ ਦਾ ਸੀ?

(A) ਸ਼ਕੀ (B) ਲੜਾਕਾ

(C) ਧਾਰਮਕ (D) ਗੁਸੈਲਾ

6. ਪੈਰੇ ਅਨੁਸਾਰ ਪਿੰਗਲਵਾੜਾ ਕਿੱਥੇ ਸਥਿਤ ਹੈ?

(A) ਲੁਧਿਆਣਾ (B) ਪਿੰਡ ਰਾਜੇ ਵਾਲੇ

(C) ਅੰਮ੍ਰਿਤਸਰ (D) ਕਰਨਾਲ

7. ਭਗਤ ਪੂਰਨ ਸਿੰਘ ਨੂੰ ਸਮਾਜ ਸੇਵਾ ਦੇ ਕੰਮਾਂ ਲਈ ਕੌਣ ਪ੍ਰੇਰਨਾ ਦਿੰਦਾ ਸੀ?

(A) ਪਿਤਾ ਜੀ (B) ਮਾਤਾ ਜੀ

(C) ਸਮਾਜ ਸੇਵਕ (D) ਮੁਹੱਲੇ ਵਾਲੇ

8. ਭਗਤ ਪੂਰਨ ਸਿੰਘ ਦੀ ਮਾਤਾ ਜੀ ਉਹਨਾਂ ਨੂੰ ਕਿਹੋ ਜਿਹੀਆਂ ਕਹਾਣੀਆਂ ਸੁਣਾਉਂਦੀ ਸੀ?

(A) ਮਹਾਂਪੁਰਖਾਂ ਦੀਆਂ (B) ਜਾਨਵਰਾਂ ਦੀਆਂ

(C) ਪਰੀਆਂ ਦੀਆਂ (D) ਦਿਉਆਂ ਦੀਆਂ

9. ਉਪਰੋਕਤ ਪੈਰੇ ਦਾ ਸਿਰਲੇਖ ਦੱਸੋ :

(A) ਪਿੰਗਲਵਾੜਾ (B) ਭਗਤ ਪੂਰਨ ਸਿੰਘ

(C) ਦਰਖ਼ਤ ਲਾਉਣਾ (D) ਪਾਣੀ ਪਿਆਉਣਾ

**(ii)** ਪੁੱਛੇ ਗਏ ਅਨੁਸਾਰ **9** ਪ੍ਰਸ਼ਨਾ ਵਿੱਚੋਂ ਕੋਈ **6** ਪ੍ਰਸ਼ਨਾਂ ਦੇ ਉੱਤਰ ਲਿਖੋ : **1x6=6**

ਅੱਠ ਸਾਲ ਦੀ ਸਖ਼ਤ ਟ੍ਰੇਨਿੰਗ ਉਪਰੰਤ ਸੁਨੀਤਾ ਵਿਲੀਅਮਜ਼ ਨੂੰ ਕੌਮਾਂਤਰੀ ਪੁਲਾੜੀ ਸਟੇਸ਼ਨ ਉੱਤੇ ਸੱਤ-ਮੈਂਬਰੀ ਟੀਮ ਨਾਲ 9 ਦਸੰਬਰ, 2006 ਈਸਵੀ ਨੂੰ 'ਡਿਸਕਵਰੀ' ਨਾਂ ਦੇ ਪੁਲਾੜੀ ਜਹਾਜ਼ ਵਿੱਚ ਅੰਬਰਾਂ ਦੀ ਉਡਾਰੀ ਭਰਨ ਲਈ ਭੇਜ ਦਿੱਤਾ ਗਿਆ। ਤਕਰੀਬਨ ਸਾਢੇ ਤਿੰਨ ਸੌ ਕਿਲੋਮੀਟਰ ਦੀ ਉੱਚਾਈ ਉੱਤੇ ਅੰਬਰਾਂ ਵਿੱਚ ਘੁੰਮ ਰਿਹਾ ਪੁਲਾੜੀ ਸਟੇਸ਼ਨ ਮਨੁੱਖਤਾ ਦੀ ਭਲਾਈ ਅਤੇ ਪੁਲਾੜੀ ਖੋਜ ਬਾਰੇ ਨਵੇਂ-ਨਵੇਂ ਤਜਰਬੇ ਕਰ ਰਿਹਾ ਹੈ। ਸੁਨੀਤਾ ਨੇ ਇਸ ਪੁਲਾੜੀ ਸਟੇਸ਼ਨ ਦੀ ਸਾਂਭ-ਸੰਭਾਲ ਤੇ ਤਜਰਬਿਆਂ ਦੇ ਖੇਤਰ ਵਿੱਚ ਬੜਾ ਕੰਮ ਕੀਤਾ ਹੈ। ਉਸਨੇ 195 ਦਿਨ ਪੁਲਾੜ ਵਿੱਚ ਰਹਿ ਕੇ ਨਵਾਂ ਰਿਕਾਰਡ ਬਣਾਇਆ ਹੈ। ਕਿਸੇ ਵੀ ਇਸਤਰੀ ਦੁਆਰਾ ਪੁਲਾੜ ਵਿੱਚ ਗੁਜ਼ਾਰਿਆ ਇਹ ਸਭ ਤੋਂ ਵੱਧ ਸਮਾਂ ਹੈ। ਉਸਨੇ ਚਾਰ ਵਾਰ ਪੁਲਾੜੀ ਜਹਾਜ਼ ਤੋਂ ਬਾਹਰ ਨਿਕਲ ਕੇ ਕੰਮ ਕੀਤਾ ਹੈ। ਇਸ ਨੂੰ ਸਪੇਸ ਵਾਕਿੰਗ ਕਹਿੰਦੇ ਹਨ। ਉਸ ਨੇ 29 ਘੰਟੇ 17 ਮਿੰਟ ਸਪੇਸ ਵਾਕਿੰਗ ਕਰਕੇ ਇਸ ਪੱਖੋਂ ਇੱਕ ਰਿਕਾਰਡ ਬਣਾਇਆ ਹੈ।

1. ਸੁਨੀਤਾ ਨੇ ਕਿਹੜੇ ਜਹਾਜ਼ ਰਾਹੀਂ ਅੰਬਰਾਂ ਦੀ ਉਡਾਰੀ ਭਰੀ?

(A) ਡਿਸਕਵਰੀ ਦੁਆਰਾ (B) ਐਡਵੈਂਚਰ ਦੁਆਰਾ

(C) ਨਾਸਾ ਦੁਆਰਾ (D) ਇਸਰੋ ਦੁਆਰਾ

2. ਉਸਨੂੰ ਕਦੋਂ ਕੌਮਾਂਤਰੀ ਪੁਲਾੜੀ ਸਟੇਸ਼ਨ ਤੇ ਭੇਜਿਆ ਗਿਆ?

(A) 11 ਦਸੰਬਰ 2006 (B) 19 ਦਸੰਬਰ 2006

(C) 6 ਦਸੰਬਰ 2006 (D) 9 ਦਸੰਬਰ 2006



Unnati Educations
9899436384, 9654279279

3. ਸੁਨੀਤਾ ਵਿਲੀਅਮਜ਼ ਕਿੰਨੇ ਦਿਨ ਪੁਲਾੜ ਵਿੱਚ ਰਹੀ?

(A) 295 ਦਿਨ (B) 195 ਦਿਨ

(C) 205 ਦਿਨ (D) 95 ਦਿਨ

4. ਉਸਨੇ ਕਿੰਨੀ ਵਾਰ ਪੁਲਾੜ ਵਿੱਚ ਸਪੇਸ ਵਾਕਿੰਗ ਕੀਤੀ?

(A) ਦੋ ਵਾਰ (B) ਤਿੰਨ ਵਾਰ

(C) ਚਾਰ ਵਾਰ (D) ਸੱਤ ਵਾਰ

5. ਸੁਨੀਤਾ ਨੇ ਕਿੰਨਾ ਸਮਾਂ ਸਪੇਸ ਵਾਕਿੰਗ ਕਰਕੇ ਨਵਾਂ ਰਿਕਾਰਡ ਬਣਾਇਆ?

(A) 28 ਘੰਟੇ 17 ਮਿੰਟ (B) 27 ਘੰਟੇ 17 ਮਿੰਟ

(C) 26 ਘੰਟੇ 27 ਮਿੰਟ (D) 29 ਘੰਟੇ 17 ਮਿੰਟ

6. ਸੁਨੀਤਾ ਵਿਲੀਅਮਜ਼ ਨੂੰ ਕਿੰਨੇ ਸਾਲ ਦੀ ਟ੍ਰੇਨਿੰਗ ਬਾਦ ਕੌਮਾਂਤਰੀ ਪੁਲਾੜੀ ਸਟੇਸ਼ਨ ਭੇਜਿਆ ਗਿਆ?

(A) ਛੇ ਸਾਲ (B) ਨੌ ਸਾਲ

(C) ਅੱਠ ਸਾਲ (D) ਤਿੰਨ ਸਾਲ

7. ਪੁਲਾੜੀ ਜਹਾਜ਼ ਪੁਲਾੜ ਵਿੱਚ ਕਿੰਨੀ ਉੱਚਾਈ 'ਤੇ ਸੀ?

(A) ਸਾਢੇ ਤਿੰਨ ਸੌ ਕਿਲੋਮੀਟਰ (B) ਸਾਢੇ ਪੰਜ ਸੌ ਕਿਲੋਮੀਟਰ

(C) ਦੋ ਸੌ ਕਿਲੋਮੀਟਰ (D) ਪੰਜ ਸੌ ਕਿਲੋਮੀਟਰ

8. ਪੁਲਾੜ ਵਿੱਚ ਪੁਲਾੜੀ ਜਹਾਜ਼ ਤੋਂ ਬਾਹਰ ਨਿਕਲ ਕੇ ਘੁੰਮਣ ਨੂੰ ਕੀ ਕਹਿੰਦੇ ਹਨ?

(A) ਸਪੇਸ ਟੂਰ (B) ਸਪੇਸ ਵਾਕਿੰਗ

(C) ਸਪੇਸ ਡਾਂਸਿੰਗ (D) ਸਪੇਸ ਡਰੀਮਿੰਗ

9. ਉਪਰੋਕਤ ਪੈਰਾ ਕਿਸ ਨਾਲ ਸੰਬੰਧਤ ਹੈ?

(A) ਜਹਾਜ਼ (B) ਪੁਲਾੜੀ ਟ੍ਰੇਨਿੰਗ

(C) ਪੁਲਾੜੀ ਜਹਾਜ਼ (D) ਸੁਨੀਤਾ ਵਿਲੀਅਮਜ਼

**VII.** ਪੁੱਛੇ ਗਏ ਅਨੁਸਾਰ **15** ਪ੍ਰਸ਼ਨਾ ਵਿੱਚੋਂ ਕੋਈ **10** ਪ੍ਰਸ਼ਨਾਂ ਦੇ ਉੱਤਰ **20-25** ਸ਼ਬਦਾ ਵਿੱਚ ਲਿਖੋ : **2x10=20**

1. ਲਗਾਖ਼ਰ ਕਿਸ ਨੂੰ ਆਖਦੇ ਹਨ? ਇਹ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

2. ਸ਼ਬਦ ਕੀ ਹੁੰਦੇ ਹਨ ? ਇਹ ਕਿੰਨੇ ਪ੍ਰਕਾਰ ਦੇ ਹੁੰਦੇ ਹਨ? ਉਨਾਂ ਦੇ ਨਾਂ ਵੀ ਦੱਸੋ।

3. ਨਿੱਜਵਾਚਕ ਪੜਨਾਂਵ ਕਿਸ ਨੂੰ ਆਖਦੇ ਹਨ? ਉਦਾਹਰਨ ਸਹਿਤ ਪਰਿਭਾਸ਼ਾ ਦਿਉ?

4. 'ਸਰਲ' ਦਾ ਸਮਾਨਾਰਥੀ ਸ਼ਬਦ 'ਸੌਖਾ' ਹੈ। ਇਸ ਦੇ ਦੋ ਹੋਰ ਸਮਾਨਾਰਥੀ ਸ਼ਬਦ ਲਿਖੋ।

5. ਵਿਸਰਾਮ ਚਿੰਨ੍ਹ ਕਿੰਨੇ ਤਰ੍ਹਾਂ ਦੇ ਹੁੰਦੇ ਹਨ? ਕੋਈ ਦੋ ਚਿੰਨ੍ਹਾਂ ਦੇ ਨਾਂ ਅਤੇ ਉਨ੍ਹਾਂ ਦੇ ਚਿੰਨ੍ਹ ਵੀ ਲਿਖੋ।



Unnati Educations
9899436384, 9654279279

6. 'ਸਹਿਜ ਪਕੇ ਸੋ ਮੀਠਾ ਹੋਏ' ਅਖਾਣ ਕਿਹੜੇ ਵਿਸ਼ੇਸ਼ ਮੌਕੇ ਤੇ ਵਰਤੀ ਜਾਂਦੀ ਹੈ?

7. ਸਮੇਂ ਦੀ ਸੰਭਾਲ ਲਈ ਕਵੀ ਭਾਈ ਵੀਰ ਸਿੰਘ ਕੀ ਸੰਦੇਸ਼ ਦਿੰਦੇ ਹਨ?

8. 'ਰੁੱਖ ਤਾਂ ਮੇਰੀ ਮਾਂ ਵਰਗੇ ਨੇ, ਜਿਉਣ ਰੁੱਖਾਂ ਦੀਆਂ ਛਾਵਾਂ' ਕਾਵਿ-ਸਤਰ ਦਾ ਅਰਥ ਸਪਸ਼ਟ ਕਰੋ।

9. 'ਨਿੱਕੇ ਵੱਡੇ ਡਰ' ਕਵਿਤਾ ਵਿੱਚੋਂ ਕਿਸ ਤਰ੍ਹਾਂ ਦਾ ਮਾਹੌਲ ਉਭਰਦਾ ਹੈ?

10. 'ਨਜ਼ਰ' ਕਵਿਤਾ ਵਿੱਚ ਕੌੜੀਆਂ ਮਿਰਚਾਂ ਕਿਸ ਦਾ ਪ੍ਰਤੀਕ ਹਨ?

11. ਖਾਲਸਾ ਰਾਜ ਕਿਹੜੇ-ਕਿਹੜੇ ਸੂਬਿਆਂ ਵਿੱਚ ਵੰਡਿਆ ਹੋਇਆ ਸੀ?

12. ਭਗਤ ਸਿੰਘ ਨੇ ਕਿਨ੍ਹਾਂ ਦੀਆਂ ਕਿਤਾਬਾਂ ਪੜ੍ਹੀਆਂ ਸਨ?

13. ਬੈਂਕਾਂ, ਡਿਪਾਰਟਮੈਂਟਲ ਸਟੋਰਾਂ ਵਿੱਚ ਕੰਪਿਊਟਰ ਦੀ ਵਰਤੋਂ ਕਿਵੇਂ ਸਹਾਈ ਹੁੰਦੀ ਹੈ?

14. ਟਿਕਟ ਚੈਕਰ ਵੱਲੋਂ ਡਾਕਟਰ ਪਾਲੀ ਦੀ ਟਿਕਟ ਚੈੱਕ ਕਰਨ ਵੇਲੇ ਜੀਤ ਨੇ ਕੀ ਕੀਤਾ?

15. ਪਿੰਡ ਦੇ ਬੰਦੇ ਨਾਲ ਨੰਦੂ ਨੇ ਓਪਰਿਆਂ ਵਾਲਾ ਵਿਵਹਾਰ ਕਿਉਂ ਕੀਤਾ?

**VIII.** ਪੁੱਛੇ ਗਏ ਅਨੁਸਾਰ **3** ਪ੍ਰਸ਼ਨਾਂ ਵਿੱਚੋਂ ਕੋਈ **2** ਪ੍ਰਸ਼ਨਾਂ ਦੇ ਉੱਤਰ **40-50** ਸ਼ਬਦਾ ਵਿੱਚ ਲਿਖੋ : **3x2=6**

1. ਕਵੀ ਰੁੱਖ ਦੀ ਜੂਨ ਵਿੱਚ ਕਿਉਂ ਆਉਣਾ ਚਾਹੁੰਦਾ ਹੈ? ਕਵੀ ਨੂੰ ਕਿਹੜੇ ਰੁੱਖ ਆਪਣੇ ਬਾਬੇ ਵਰਗੇ ਜਾਪਦੇ ਹਨ?

2. ਕਿਰਿਆ ਕਿਸਨੂੰ ਆਖਦੇ ਹਨ? ਇਸ ਦੇ ਕਿੰਨੇ ਭੇਦ ਹਨ। ਨਾਂ ਵੀ ਦੱਸੋ।

3. ਭਗਤ ਸਿੰਘ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ਸੀ? ਬਚਪਨ ਵਿੱਚ ਉਹ ਕਿਸ ਚੀਜ਼ ਨੂੰ ਬੀਜ ਰਿਹਾ ਸੀ?

**IX.** ਪੁੱਛੇ ਗਏ ਅਨੁਸਾਰ **5** ਪ੍ਰਸ਼ਨਾ ਵਿੱਚੋਂ ਕੋਈ **3** ਪ੍ਰਸ਼ਨਾਂ ਦੇ ਉੱਤਰ **70-80** ਸ਼ਬਦਾ ਵਿੱਚ ਲਿਖੋ : **4x3=12**

1. ਪੰਜਾਬੀ ਭਾਸ਼ਾ ਵਿੱਚ ਕਿੰਨੇ ਅਤੇ ਕਿਹੜੇ ਸ੍ਵਰ ਅੱਖਰ ਹਨ? ਕਿਹੜੇ ਸ੍ਵਰ ਅੱਖਰ ਨਾਲ ਕਿਹੜੀਆਂ ਮਾਤਰਾਵਾਂ ਲਗਦੀਆਂ ਹਨ, ਦੱਸੋ।

2. ਕਵੀ ਸ਼ਿਵ ਕੁਮਾਰ ਬਟਾਲਵੀ ਦੀ ਭਾਸ਼ਾ-ਸ਼ੈਲੀ ਬਾਰੇ ਵਿਚਾਰ ਪੇਸ਼ ਕਰੋ।

3. ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਵਿੱਚ ਕਿਸ ਚੀਜ਼ ਨੂੰ ਖਤਮ ਕੀਤਾ ਸੀ? ਮਹਾਰਾਜਾ ਆਪਣੇ ਰਾਜ ਵਿੱਚ ਕਿਨ੍ਹਾਂ ਦਾ ਸਰਪ੍ਰਸਤ ਸੀ?

4. ਮੌਸਮ ਦੀ ਜਾਣਕਾਰੀ ਲਈ ਕੰਪਿਊਟਰ ਦੀ ਵਰਤੋਂ ਕਿਵੇਂ ਹੁੰਦੀ ਹੈ? ਵਿਸਤਾਰ ਸਹਿਤ ਦੱਸੋ।

5. ਇਕਾਂਗੀ 'ਬੇਈਮਾਨ' ਦੀ ਕਹਾਣੀ ਸੰਖੇਪ ਵਿੱਚ ਦੱਸੋ।



Unnati Educations
9899436384, 9654279279

**X.** ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਪੱਤਰ ਲਿਖੋ : **6x1=6**

ਤੁਹਾਡਾ ਮੋਬਾਈਲ ਫੋਨ ਗੁਆਚ ਗਿਆ ਹੈ। ਇਸ ਬਾਰੇ ਨੇੜੇ ਦੇ ਥਾਣੇ ਵਿੱਚ ਰਿਪੋਰਟ ਲਿਖਵਾਉ।

**ਜਾਂ**

ਤੁਹਾਡੀ ਭੂਆ ਜੀ ਨੇ ਤੁਹਾਡੇ ਪਾਸ ਹੋਣ ਤੇ ਤੁਹਾਨੂੰ ਸੁਗਾਤ ਭੇਜੀ ਹੈ। ਇਸ ਲਈ ਚਿੱਠੀ ਲਿਖ ਕੇ ਉਹਨਾਂ ਦਾ ਧੰਨਵਾਦ ਕਰੋ।

**XI.** ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ **125** ਤੋਂ **150** ਸ਼ਬਦਾਂ ਵਿੱਚ ਲੇਖ ਲਿਖੋ : **6x1=6**

ਮੋਬਾਈਲ ਫੋਨ

**ਜਾਂ**

ਸਿਹਤ ਹੀ ਧਨ ਹੈ

**- o 0 o -**



Unnati Educations
9899436384, 9654279279